# India and Pakistan exchanged list of Nuclear Installations

January 01, 2022

## ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਇਆ ਪਰਮਾਣੂ ਸਥਾਪਨਾਵਾਂ ਦੀ ਸੂਚੀ ਦਾ ਵਟਾਂਦਰਾ

1 ਜਨਵਰੀ, 2022

ਭਾਰਤ ਅਤੇ ਪਾਕਿਸਤਾਨ ਦਰਮਿਆਨ ਅੱਜ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਖੇ ਇੱਕੋ ਸਮੇਂ ਕੂਟਨੀਤਕ ਚੈਨਲਾਂ ਰਾਹੀਂ ਦੋਹਾਂ ਮੁਲਕਾਂ ਦਰਮਿਆਨ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ 'ਤੇ ਹਮਲੇ ਦੀ ਮਨਾਹੀ ਸਬੰਧੀ ਸਮਝੌਤੇ ਤਹਿਤ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਦੀ ਸੂਚੀ ਦਾ ਵਟਾਂਦਰਾ ਕੀਤਾ ਗਿਆ।

31 ਦਸੰਬਰ, 1988 ਨੂੰ ਹੋਏ ਇਸ ਸਮਝੌਤੇ ਅਧੀਨ, ਜੋ 27 ਜਨਵਰੀ, 1991 ਨੂੰ ਲਾਗੂ ਹੋਇਆ ਸੀ, ਹੋਰਨਾਂ ਗੱਲਾਂ ਤੋਂ ਛੁੱਟ ਭਾਰਤ ਅਤੇ ਪਾਕਿਸਤਾਨ ਦਰਮਿਆਨ ਹਰ ਕੈਲੰਡਰ ਸਾਲ ਦੀ ਪਹਿਲੀ ਜਨਵਰੀ ਨੂੰ ਸਮਝੌਤੇ ਅਧੀਨ ਆਉਣ ਵਾਲੀਆਂ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਬਾਰੇ ਇਕ ਦੂਜੇ ਨੂੰ ਜਾਣਕਾਰੀ ਦੇਣ ਦਾ ਪ੍ਰਾਵਧਾਨ ਹੈ। ਦੋਵਾਂ ਦੇਸ਼ਾਂ ਵਿਚਾਲੇ ਅਜਿਹੀਆਂ ਸੂਚੀਆਂ ਦਾ ਵਟਾਂਦਰਾ ਲਗਾਤਾਰ 31ਵਾਂ ਵਾਰ ਹੋਇਆ ਹੈ, ਪਹਿਲਾ ਅਜਿਹਾ ਵਟਾਂਦਰਾ 1 ਜਨਵਰੀ, 1992 ਨੂੰ ਹੋਇਆ ਸੀ।

ਨਵੀਂ ਦਿੱਲੀ

1 ਜਨਵਰੀ, 2022

**DISCLAIMER: This is an approximate translation. The original is available in English on MEA's website and may be referred to as the official press release.**